# ਹਿਊਮਨ ਟਿਸ਼ੂ ਅਥਾਰਿਟੀ
# ਜੀਉਂਦੇ ਲੋਕਾਂ ਦੇ ਅੰਗ ਹੋਰਨਾਂ ਦੇ ਸਰੀਰ ਵਿਚ ਲਾਉਣ ਬਾਰੇ ਜਾਣਕਾਰੀ

ਲੋਕਾਂ ਦੇ ਸਰੀਰ ਵਿਚ ਲਾਏ ਜਾਣ ਵਾਲੇ ਅੰਗਾਂ ਵਿਚੋਂ ਜ਼ਿਆਦਾਤਰ ਅੰਗ ਅਜਿਹੇ ਹੁੰਦੇ ਹਨ ਜੋ ਮਰ ਚੁੱਕੇ ਲੋਕਾਂ ਨੇ ਦਾਨ ਕੀਤੇ ਹੁੰਦੇ ਹਨ। ਪਰ ਹਰ ਸਾਲ, ਜੀਉਂਦੇ ਦਾਨੀਆਂ ਵਲੋਂ ਦਿੱਤੇ ਗਏ ਅੰਗ ਵੀ ਹੁਣ ਵੱਧ ਲੋਕਾਂ ਨੂੰ ਲਾਏ ਜਾਂਦੇ ਹਨ। ਜੇ ਤੁਸੀਂ ਜੀਉਂਦੇ-ਜੀ ਅੰਗ ਦਾਨ ਕਰਨ ਦਾ ਵਿਚਾਰ ਬਣਾ ਰਹੇ ਹੋ, ਤਾਂ ਇਸ ਪਰਚੇ ਵਿਚ ਇਹਦੇ ਨਾਲ ਸੰਬੰਧਤ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਹੇਠ ਲਿਖੀਆਂ ਗੱਲਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ:

- ਅੰਗਦਾਨ ਕਰਨ ਵਾਲੇ ਜੀਉਂਦੇ ਦਾਨੀਆਂ ਬਾਰੇ ਕਾਨੂੰਨ (ਹਿਊਮਨ ਟਿਸ਼ੂਜ਼ ਐਕਟ 2004) ਅਤੇ ਇਹ ਅੰਗ ਲਾਉਣ ਦੇ ਕੰਮ 'ਤੇ ਨਿਯੰਤ੍ਰਣ ਰੱਖਣ ਵਾਲੀ ਸੰਸਥਾ (ਹਿਊਮਨ ਟਿਸ਼ੂਜ਼ ਅਥਾਰਿਟੀ) ਦਾ ਕੰਮ;
- ਜਾਂਚ ਪੜਤਾਲ ਦਾ ਕੰਮ, ਜੋ ਅੰਗ ਲੁਆਉਣ ਦੇ ਲੋੜਵੰਦ ਵਿਅਕਤੀ (ਪ੍ਰਾਪਤਕਾਰ ਜਾਂ ਰੀਸੀਪੀਐਂਟ) ਨੂੰ ਅੰਗ ਲਗਵਾਉਣ ਦੀ ਇਜਾਜ਼ਤ ਤੋਂ ਪਹਿਲਾਂ ਕਰਨਾ ਪੈਂਦਾ ਹੈ; ਅਤੇ
- ਜੀਉਂਦੇ ਅੰਗਦਾਨੀ ਕੌਣ ਬਣ ਸਕਦੇ ਹਨ; ਅਤੇ
- ਸਰੀਰ ਦਾ ਕੋਈ ਅਤੀ ਜ਼ਰੂਰੀ ਅੰਗ (ਜਿਵੇਂ ਗੁਰਦਾ ਜਾਂ ਜਿਗਰ ਦਾ ਹਿੱਸਾ) ਦਾਨ ਕਰਨ ਲਈ ਜਾਇਜ਼ ਸਹਿਮਤੀ (ਜਾਂ ਇਜਾਜ਼ਤ) ਕਿਵੇਂ ਦਿਓ।

ਇਹ ਪਰਚਾ ਅਤੇ ਇਹਦੇ ਨਾਲ ਮਿਲਣ ਵਾਲੀ ਹੋਰ ਜਾਣਕਾਰੀ ਪੜ੍ਹਨਾ ਤੁਹਾਡੇ ਲਈ ਜ਼ਰੂਰੀ ਹੈ। ਇਸ ਤਰ੍ਹਾਂ, ਤੁਹਾਨੂੰ ਪੂਰੀ ਜਾਣਕਾਰੀ ਮਿਲ ਜਾਏਗੀ ਕਿ ਜੀਉਂਦੇ ਅੰਗਦਾਨੀ ਅਤੇ ਅੰਗ-ਪ੍ਰਾਪਤਕਾਰ ਨੂੰ ਕੀ ਕੁਝ ਕਰਨਾ ਪੈਂਦਾ ਹੈ।

## ਹਿਊਮਨ ਟਿਸ਼ੂ ਅਥਾਰਿਟੀ ਕੀ ਹੈ?

ਆਮ ਲੋਕਾਂ ਨਾਲ ਸਲਾਹ ਮਸ਼ਵਰਾ ਕਰਨ ਮਗਰੋਂ, ਸਰਕਾਰ ਨੇ ਦਾਨ ਕੀਤੇ ਅੰਗ ਲਾਉਣ ਬਾਰੇ ਕਾਨੂੰਨ ਨੂੰ ਨਵਾਂ ਰੂਪ ਦਿੱਤਾ ਹੈ, ਇਸ ਨਵੇਂ ਕਾਨੂੰਨ ਨੂੰ ਹਿਊਮਨ ਟਿਸ਼ੂਜ਼ ਐਕਟ 2004 (ਐਚ ਟੀ ਐਕਟ) ਆਖਿਆ ਜਾਂਦਾ ਹੈ - ਜਿਸ ਵਿਚ ਇਸ ਖੇਤਰ ਵਿਚ ਹੋਣ ਵਾਲੇ ਚੰਗੇ ਕੰਮਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਯਕੀਨੀ ਬਣਾਇਆ ਗਿਆ ਹੈ ਕਿ ਲੋਕਾਂ ਨੂੰ ਪਤਾ ਹੋਵੇ ਕਿ ਅੰਗ ਦਾਨ ਕਰਨ ਬਾਰੇ ਸਹੀ ਸਲਾਹ ਕਿਵੇਂ ਦੇਣੀ ਹੈ।

ਸਾਡੀ, ਯਾਨਿ ਹਿਊਮਨ ਟਿਸ਼ੂਜ਼ ਅਥਾਰਿਟੀ ਦੀ ਸਥਾਪਨਾ, ਐਚ ਟੀ ਐਕਟ ਬਾਰੇ ਸਲਾਹ ਅਤੇ ਜਾਣਕਾਰੀ ਦੇਣ ਲਈ, ਅਤੇ ਇਹ ਯਕੀਨੀ ਬਣਾਉਣ ਲਈ ਕੀਤੀ ਗਈ ਹੈ ਕਿ ਲੋਕ ਇਸ ਕਾਨੂੰਨ ਦਾ ਪਾਲਣ ਕਰਨ। ਸਾਡਾ ਕੰਮ ਮਰੀਜ਼ਾਂ, ਪਰਿਵਾਰਾਂ ਅਤੇ ਇਸ ਖੇਤਰ ਦਾ ਮਾਹਿਰਾਂ ਦੀ ਮਦਦ ਕਰਨ ਲਈ ਉਸ ਢਾਂਚੇ ਵਿਚ ਲੋਕਾਂ ਦਾ ਯਕੀਨ ਵਧਾਉਣਾ ਹੈ, ਜੋ ਢਾਂਚਾ ਅਸੀਂ ਲਾਗੂ ਕੀਤਾ ਹੈ। ਸਾਡੇ ਵਿਚ ਆਮ ਲੋਕਾਂ ਵਿਚੋਂ ਲਏ ਮੈਂਬਰ (ਜਿਹਨਾਂ ਦੇ ਇਸ ਕੰਮ ਵਿਚ ਕੋਈ ਕਾਰੋਬਾਰੀ ਹਿਤ ਨਹੀਂ ਹੁੰਦੇ) ਅਤੇ ਮਾਹਿਰ ਪੇਸ਼ੇਵਰ ਲੋਕ ਸ਼ਾਮਿਲ ਹਨ, ਅਤੇ ਅੰਗ ਲਾਉਣ ਦਾ ਇਕ ਸੀਨੀਅਰ ਮਾਹਿਰ ਵੀ ਹੈ।

ਨਵੇਂ ਕਾਨੂੰਨ ਦੇ ਅਨੁਸਾਰ, ਜੀਉਂਦੇ ਦਾਨੀਆਂ ਦੇ ਅੰਗਾਂ ਨੂੰ ਲਾਉਣ ਦੇ ਸਭ ਕੰਮਾਂ ਦੀ ਪ੍ਰਵਾਨਗੀ ਸਾਡੇ ਵਲੋਂ ਨਾਮਜ਼ਦ ਕਿਸੇ ਨੁਮਾਇੰਦੇ ਕੋਲੋਂ ਲੈਣੀ ਪਏਗੀ। ਅੰਗਦਾਨੀ ਭਾਵੇਂ ਪ੍ਰਾਪਤਕਾਰ ਦਾ ਰਿਸ਼ਤੇਦਾਰ ਹੋਵੇ ਭਾਵੇਂ ਨਾ ਹੋਣ ਹੋਵੇ, ਕਾਨੂੰਨ ਦਾ ਇਹ ਹਿੱਸਾ ਲਾਗੂ ਹੋਏਗਾ।

## ਜੀਉਂਦੇ ਲੋਕਾਂ ਦੇ ਅੰਗਾਂ ਹੋਰਨਾਂ ਦੇ ਕਿਉਂ ਲਾਏ ਜਾਂਦੇ ਹਨ?

ਜਦ ਗੁਰਦਿਆਂ, ਦਿਲ, ਫੇਫੜਿਆਂ, ਜਿਗਰ ਜਾਂ ਪਾਚਨ-ਗ੍ਰੰਥੀ ਵਰਗੇ ਅੰਗ ਕੰਮ ਕਰਨੋਂ ਹਟ ਜਾਣ ਅਤੇ ਇਹਦੇ ਕਾਰਣ ਜ਼ਿੰਦਗੀ ਲਈ ਖ਼ਤਰਨਾਕ ਰੋਗ ਪੈਦਾ ਹੋਣ ਜਾਣ, ਤਾਂ ਇਹਨੂੰ ਅੰਗਾਂ ਦਾ ਫ਼ੇਲ੍ਹ ਹੋਣਾ ਆਖਿਆ ਜਾਂਦਾ ਹੈ। ਜਿਹਨਾਂ ਲੋਕਾਂ ਦਾ ਕੋਈ ਅੰਗ ਫ਼ੇਲ੍ਹ ਹੋ ਜਾਏ, ਉਹਨਾਂ ਵਿਚੋਂ ਬਹੁਤ ਸਾਰੇ ਲੋਕ ਨਵਾਂ ਅੰਗ ਲਗਵਾਉਣਾ ਚਾਹੁੰਦੇ ਹਨ, ਅਤੇ ਹਰ ਸਾਲ ਜੀਉਂਦੇ ਦਾਨੀਆਂ ਤੋਂ ਮਿਲਣ ਵਾਲੇ ਅੰਗਾਂ ਤੋਂ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਹੁੰਦਾ ਹੈ।

ਗੁਰਦੇ ਦਾ ਦਾਨ ਆਮ ਤੌਰ ’ਤੇ ਜੀਉਂਦੇ ਦਾਨੀ ਕਰਦੇ ਹਨ, ਅਤੇ ਗੁਰਦੇ ਲਾਉਣ ਦਾ ਕੰਮ ਆਮ ਤੌਰ ’ਤੇ ਬਹੁਤ ਕਾਮਯਾਬੀ ਨਾਲ ਕੀਤਾ ਜਾ ਸਕਦਾ ਹੈ। ਗੁਰਦਾ ਦਾਨ ਕਰਨ ਵਾਲੇ ਨੂੰ ਖ਼ਤਰਾ ਘੱਟ ਹੁੰਦਾ ਹੈ, ਅਤੇ ਜੇ ਗੁਰਦੇ ਦੇ ਦਾਨ ਤੋਂ ਪਹਿਲਾਂ ਦਾਨੀ ਦੀ ਪੂਰੀ ਜਾਂਚ ਪੜਤਾਲ ਕਰ ਲਈ ਜਾਏ, ਤਾਂ ਇਸ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ। ਪਰ ਗੁਰਦਾ ਦਾਨ ਕਰਨ ਲਈ ਵੱਡਾ ਆਪ੍ਰੇਸ਼ਨ ਕਰਵਾਉਣਾ ਪੈਂਦਾ ਹੈ, ਅਤੇ ਆਪ੍ਰੇਸ਼ਨ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਇਹ ਗੱਲ ਪੂਰੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ। ਜੇ ਗੁਰਦਾ ਦਾਨ ਕਰਨ ਵਾਲੇ/ਵਾਲੀ ਦੇ ਆਪ੍ਰੇਸ਼ਨ ਦੀ ਯੋਜਨਾ ਪਹਿਲਾਂ ਬਣਾ ਲਈ ਜਾਏ, ਤਾਂ ਇਹਦਾ ਅਸਰ ਦਾਨੀ ਅਤੇ ਪ੍ਰਾਪਤਕਾਰ ਦੋਹਾਂ ’ਤੇ ਸਭ ਤੋਂ ਚੰਗਾ ਹੁੰਦਾ ਹੈ, ਅਤੇ ਹੋ ਸਕਦਾ ਹੈ ਕਿ ਪ੍ਰਾਪਤਕਾਰ ਨੂੰ ਡਾਇਲਿਸਿਜ਼ ਇਲਾਜ ਕਰਵਾਉਣ ਦੀ ਲੋੜ ਨਾ ਪਏ। ਜਾਂਚ ਪੜਤਾਲ ਤੋਂ ਜਿਸ ਵਿਅਕਤੀ ਨੂੰ ਸਿਹਤਮੰਦ ਅਤੇ ਗੁਰਦਾ ਦਾਨ ਕਰਨ ਦੇ ਯੋਗ ਮੰਨ ਲਿਆ ਜਾਏ, ਲੰਮੇ ਸਮੇਂ ਵਿਚ ਉਹਦੀ ਸਿਹਤ ’ਤੇ ਗੁਰਦਾ ਦਾਨ ਕਰਨ ਦਾ ਕੋਈ ਮਾੜਾ ਅਸਰ ਨਹੀਂ ਪੈਂਦਾ।

ਜੀਉਂਦੇ ਲੋਕ ਆਮ ਤੌਰ ’ਤੇ ਹੋਰ ਅੰਗ ਦਾਨ ਨਹੀਂ ਕਰਦੇ, ਪਰ ਕਦੇ ਕਦੇ ਲੋਕ ਆਪਣੇ ਜਿਗਰ, ਫੇਫੜਿਆਂ ਕਾਂ ਆਂਤੜੀ ਦਾ ਕੁਝ ਹਿੱਸਾ ਹੋਰਨਾਂ ਦੇ ਲਾਉਣ ਲਈ ਦਾਨ ਕਰਨਾ ਮੰਨ ਜਾਂਦੇ ਹਨ। ਇਹਨਾਂ ਅੰਗਾਂ ਦਾ ਦਾਨ ਵੱਧ ਗੁੰਝਲਦਾਰ ਕੰਮ ਹੁੰਦਾ ਹੈ, ਅਤੇ ਇਹ ਪੇਸ਼ਕਸ਼ ਮੰਨਣ ਤੋਂ ਪਹਿਲਾਂ ਦਾਨੀ ਨੂੰ ਹੋ ਸਕਣ ਵਾਲੇ ਖ਼ਤਰਿਆਂ ਦਾ ਹਿਸਾਬ ਬੜੇ ਧਿਆਨ ਨਾਲ ਲਾ ਕੇ ਦੇਖਣਾ ਜ਼ਰੂਰੀ ਹੈ ਕਿ ਕੀ ਇਹਨਾਂ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ। ਤੁਹਾਡੇ ਨੇੜੇ ਦਾ ਟ੍ਰਾਂਸਪਲਾਂਟ ਸੈਂਟਰ ਤੁਹਾਨੂੰ ਇਹਦੇ ਬਾਰੇ ਵਧੇਰੇ ਜਾਣਕਾਰੀ ਦੇ ਸਕਦਾ ਹੈ, ਜਿਹਦੇ ਨਾਲ ਤੁਹਾਨੂੰ ਪਤਾ ਲਗ ਸਕਦਾ ਹੈ ਕਿ ਇਹ ਕੰਮ ਕਿਹੋ ਜਿਹਾ ਹੁੰਦਾ ਹੈ।

## ਜੀਉਂਦਾ ਅੰਗਦਾਨੀ ਕੌਣ ਬਣ ਸਕਦਾ/ਸਕਦੀ ਹੈ?

ਖ਼ੂਨ ਦੇ ਰਿਸ਼ਤੇ ਵਾਲੇ ਅੰਗਦਾਨੀਆਂ ਅਤੇ ਪ੍ਰਾਪਤਕਾਰਾਂ ਵਿਚਕਾਰ ਅੰਗਾਂ ਦੇ ਤਬਾਦਲੇ ਦੀ ਨਤੀਜੇ ਉਂਨੇ ਹੀ ਕਾਬਯਾਬ ਹੁੰਦੇ ਹਨ ਜਿੰਨੇ ਉਹਨਾਂ ਲੋਕਾਂ ਵਿਚਕਾਰ ਤਬਾਦਲੇ ਜਿਹਨਾਂ ਦਾ ਆਪਸ ਵਿਚ ਕੋਈ ਰਿਸ਼ਤਾ ਨਹੀਂ ਹੁੰਦਾ। ਬੀਤੇ ਦਿਨਾਂ ਵਿਚ, ਜੀਉਂਦੇ ਅੰਗਦਾਨੀ ਖ਼ੂਨ ਵਿਚ ਰਿਸ਼ਤੇਦਾਰ ਜਾਂ ਬਹੁਤ ਨਜ਼ਦੀਨੀ ਜਜ਼ਬਾਤੀ ਸੰਬੰਧਾਂ ਵਾਲੇ ਲੋਕ (ਜਿਹਨਾਂ ਦਾ ਪ੍ਰਾਪਤਕਾਰਾਂ ਨਾਲ ਖ਼ੂਨ ਦਾ ਰਿਸ਼ਤਾ ਨਹੀਂ, ਸਗੋਂ ਜਜ਼ਬਾਤੀ ਸੰਬੰਧ ਹੁੰਦਾ ਸੀ)। ਐਚ ਟੀ ਐਕਟ ਵਿਚ ਜ਼ਿਆਦਾ ਖੁੱਲ੍ਹ ਦਿੱਤੀ ਗਈ ਹੈ ਕਿ ਅੰਗਦਾਨ ਕੌਣ ਕਿਹਦੇ ਲਈ ਕਰ ਸਕਦਾ/ਸਕਦੀ ਹੈ, ਤਾਕਿ ਜੀਉਂਦੇ ਲੋਕਾਂ ਦੇ ਦਾਨ ਕੀਤੇ ਅੰਗਾਂ ਤੋਂ ਵੱਧ ਲੋਕਾਂ ਨੂੰ ਲਾਭ ਹੋ ਸਕੇ।

ਜੀਉਂਦੇ ਅੰਗਦਾਨੀ ਨੂੰ ਹੁਣ ਇਹ ਚੋਣ ਕਰਨ ਦੇ ਮੌਕੇ ਮਿਲਦੇ ਹਨ:

1 ਜੇ ਦਾਨ ਕਰਨ ਵਾਲੇ ਅਤੇ ਪ੍ਰਾਪਤਕਾਰ ਦੇ ਖ਼ੂਨ ਦੇ ਗਰੁਪ ਜਾਂ ਅੰਗ ਵੱਖ ਵੱਖ ਕਿਸਮ ਦੇ ਹੋਣ (ਆਪਸ ਵਿਚ ਮੇਲ ਨਾ ਖਾਣ), ਤਾਂ ਇਹਨਾਂ ਨੂੰ ਇਸੇ ਹਾਲਤ ਵਿਚ ਆਏ ਹੋਏ ਕਿਸੇ ਹੋਰ ਦਾਨੀ ਅਤੇ ਪ੍ਰਾਪਤਕਾਰ ਨਾਲ ਮਿਲਾ ਕੇ ਦੇਖਿਆ ਜਾਏਗਾ। ਇਹਨੂੰ ‘ਜੋੜਿਆਂ ਵਿਚ ਦਾਨ ਕਰਨਾ’ ਆਖਿਆ ਜਾਂਦਾ ਹੈ। ਕਈ ਵਾਰੀ ਦੋ ਵੱਧ ਦਾਨੀਆਂ ਅਤੇ ਦੋ ਤੋਂ ਵੱਧ ਪ੍ਰਾਪਤਕਾਰਾਂ ਬਾਰੇ ਵੀ ਵਿਚਾਰ ਕੀਤਾ ਜਾਂਦਾ ਹੈ, ਅਤੇ ਉਹਨਾਂ ਨੂੰ ਆਪਸੀ ਵਟਾਂਦਰੇ (ਜਿਹਨੂੰ ‘ਮਿਲ ਕੇ ਵਟਾਂਦਰਾ ਕਰਨਾ’ ਆਖਿਆ ਜਾਂਦਾ ਹੈ) ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ, ਇਜਹਦੇ ਨਾਲ ਹਰ ਪ੍ਰਾਪਤਕਾਰ ਨੂੰ ਲਾਭ ਹੋ ਸਕਦਾ ਹੈ, ਜੋ ਵੈਸੇ ਉਹਨੂੰ ਨਹੀਂ ਹੋ ਸਕਣਾ ਸੀ।

ਜੋੜਿਆਂ ਵਿਚ ਜਾਂ ਆਪਸ ਵਿਚ ਮਿਲ ਕੇ ਅੰਗਦਾਨ ਕਰਨ ਦਾ ਕੰਮ ਸਿਰਫ਼ ਦਾਨ ਕੀਤੇ ਗੁਰਦੇ ਲਾਉਣ ਲਈ ਕੀਤਾ ਗਿਆ ਹੈ। ਦਾਨੀ ਅਤੇ ਪ੍ਰਾਪਤਕਾਰ ਦੇ ਆਪ੍ਰੇਸ਼ਨ ਇੱਕੋ ਸਮੇਂ 'ਤੇ ਕਰਨ ਦਾ ਪ੍ਰਬੰਧ ਕੀਤਾ ਜਾਂਦਾ ਹੈ, ਤਾਕਿ ਅੰਗਾਂ ਦਾ ਤਬਾਦਲਾ ਉਸੇ ਵੇਲੇ ਕੀਤਾ ਜਾ ਸਕੇ।

ਤੁਹਾਡੇ ਨੇੜੇ ਦਾ ਟ੍ਰਾਂਸਪਲਾਂਟ ਸੈਂਟਰ ਤੁਹਾਨੂੰ ਵਧੇਰੇ ਜਾਣਕਾਰੀ ਦੇ ਸਕਦਾ ਹੈ, ਅਤੇ ਇਹ ਜਾਂਚ ਪੜਤਾਲ ਕਰ ਸਕਦਾ ਹੈ ਕਿ ਕੀ ਜੋੜਿਆਂ ਵਾਲੇ ਜਾਂ ਸਾਂਝੇ ਢੰਗ ਨਾਲ ਦਾਨ ਕੀਤੇ ਅੰਗ ਲਾਉਣ ਦੇ ਕੰਮ ਵਿਚ ਤੁਹਾਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਜੇ ਹਾਂ, ਤਾਂ ਤੁਹਾਡੇ ਬਾਰੇ ਜਾਣਕਾਰੀ ਕੌਮੀ ਰਜਿਸਟਰ 'ਤੇ ਚਾੜ੍ਹ ਲਈ ਜਾਏਗੀ, ਜਿੱਥੇ ਤੁਹਾਡੀ ਤੁਲਨਾ ਕਿਸੇ ਮੇਲ ਖਾਂਦੇ ਜੋੜੇ ਨਾਲ ਕੀਤੀ ਜਾਏਗੀ।

2 ਜਿਸ ਜੀਉਂਦੇ ਵਿਅਕਤੀ ਦੇ ਅੰਗਾਂ ਲਈ ਕੋਈ ਪ੍ਰਾਪਤਕਾਰ ਕਦੇ ਵੀ ਨਹੀਂ ਮਿਲਿਆ, ਉਹਦੇ ਅੰਗ ਦਾਨੀ ਹੋਣ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਇਹਨੂੰ 'ਬਿਨਾਂ ਆਖਿਆਂ ਪਰਉਪਕਾਰੀ ਦਾਨ ਕਰਨਾ' ਆਖਿਆ ਜਾਂਦਾ ਹੈ।

ਜੇ ਤੁਸੀਂ ਕੋਈ ਅੰਗ - ਆਮ ਤੌਰ 'ਤੇ ਗੁਰਦਾ - ਕਿਸੇ ਅਣਜਾਣੇ ਪ੍ਰਾਪਤਕਾਰ ਨੂੰ ਦਾਨ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਨੇੜੇ ਦੇ ਟ੍ਰਾਂਸਪਲਾਂਟ ਸੈਂਟਰ ਨਾਲ ਗੱਲ ਕਰੋ, ਤਾਕਿ ਤੁਹਾਡੀ ਜਾਂਚ ਪੜਤਾਲ ਕਰਕੇ ਦੇਖਿਆ ਜਾਏ ਕਿ ਕੀ ਤੁਸੀਂ ਸਹੀ ਕਿਸਮ ਦੇ ਦਾਨੀ ਹੋ। ਜੇ ਹਾਲੇ ਵੀ ਤੁਹਾਡੀ ਇਹ ਇੱਛਾ ਹੈ, ਤਾਂ ਤੁਹਾਡਾ ਨਾਂ ਕੌਮੀ ਅੰਗਦਾਨ ਸਕੀਮ ਵਿਚ ਸ਼ਾਮਿਲ ਕਰ ਲਿਆ ਜਾਏਗਾ, ਅਤੇ ਸਹੀ ਕਿਸਮ ਦੇ ਪ੍ਰਾਪਤਕਾਰ ਨਾਲ ਤੁਹਾਨੂੰ ਮਿਲਾਇਆ ਜਾਏਗਾ। ਇਹ ਢੰਗ ਵੀ ਉਸ ਢੰਗ ਵਰਗਾ ਹੀ ਹੈ ਜਿਹਦੇ ਨਾਲ ਮਰ ਗਏ ਲੋਕਾਂ ਦੇ ਅੰਗਾਂ ਨੂੰ ਉਡੀਕ ਲਿਸਟ ਵਾਲੇ ਮਰੀਜ਼ਾਂ ਨਾਲ ਮਿਲਾ ਕੇ ਦੇਖਿਆ ਜਾਂਦਾ ਹੈ।

ਜੋੜੇ ਬਣਾ ਕੇ ਜਾਂ ਆਪਸ ਵਿਚ ਮਿਲ ਕੇ ਅੰਗਦਾਨ ਕਰਨ ਅਤੇ ਬਿਨਾਂ ਆਖਿਆਂ ਪਰਉਪਕਾਰੀ ਦਾਨ ਕਰਨ ਬਾਰੇ ਖ਼ਾਸ ਗੱਲਾਂ ਦਾ ਵਿਚਾਰ ਕਰਨਾ ਪੈਂਦਾ ਹੈ। ਕਿਉਂਕਿ ਜੀਉਂਦੇ ਲੋਕਾਂ ਦੇ ਅੰਗ ਲਗਾਉਣ ਨਾਲੋਂ, ਜਦ ਦਾਨੀ ਅਤੇ ਪ੍ਰਾਪਤਕਾਰ ਇਕ ਦੂਸਰੇ ਨੂੰ ਜਾਣਦੇ ਹੁੰਦੇ ਹਨ, ਇਹ ਗੱਲਾਂ ਬਹੁਤ ਵੱਖਰੀ ਕਿਸਮ ਦੀਆਂ ਹਨ। ਇਹਨਾਂ ਹਾਲਤਾਂ ਵਿਚ ਜ਼ਰੂਰੀ ਹੁੰਦਾ ਹੈ ਕਿ ਦਾਨੀ ਅਤੇ ਪ੍ਰਾਪਤਕਾਰ ਦੇ ਨਾਂ ਨਾ ਦੱਸੇ ਜਾਣ, ਅਤੇ ਨਾਂ ਗੁਪਤ ਰੱਖਣ ਦੀ ਇਹਨਾਂ ਦੀ ਇੱਛਾ ਦਾ ਸਤਿਕਾਰ ਕੀਤਾ ਜਾਏ।

**ਜਾਂਚ ਪੜਤਾਲ ਕਰਨਾ ਅਤੇ ਇਜਾਜ਼ਤ ਲੈਣਾ: ਇਹਨਾਂ ਵਿਚ ਕਿਹੜੀਆਂ ਗੱਲਾਂ ਸ਼ਾਮਿਲ ਹਨ?**

ਕਿਸੇ ਜੀਉਂਦੇ ਅੰਗਦਾਨੀ ਦੇ ਅੰਗ ਕਿਸੇ ਹੋਰ ਨੂੰ ਦੇਣ ਤੋਂ ਪਹਿਲਾਂ ਅੰਗਦਾਨੀ ਅਤੇ ਪ੍ਰਾਪਤਕਾਰ ਦੋਹਾਂ ਦੀ ਪੂਰੀ ਜਾਂਚ ਪੜਤਾਲ ਕਰਕੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਕੀ ਅਜਿਹਾ ਕਰਨਾ ਦੋਹਾਂ ਲਈ ਸੁਰੱਖਿਅਤ ਅਤੇ ਠੀਕ ਰਹੇਗਾ? ਇਹਦੇ ਲਈ ਡਾਕਟਰੀ ਟੈਸਟ, ਆਪਸੀ ਮੇਲ ਦੇ ਟੈਸਟ ਅਤੇ ਇਸ ਕੰਮ ਦੇ ਖ਼ਤਰਿਆਂ ਅਤੇ ਫ਼ਾਇਦਿਆਂ ਬਾਰੇ ਗੱਲ ਬਾਤ ਕੀਤੀ ਜਾਂਦੀ ਹੈ। ਇਸ ਜਾਂਚ ਪੜਤਾਲ ਰਾਹੀਂ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਅੰਗਦਾਨੀ ਅਤੇ ਪ੍ਰਾਪਤਕਾਰ ਦੋਵੇਂ ਪੂਰੀ ਰਜ਼ਾਮੰਦੀ ਜ਼ਾਹਿਰ ਕਰਨ।

ਜਿੱਥੇ ਵੀ ਹੋ ਸਕੇ, ਅੰਗਦਾਨੀ ਅਤੇ ਪ੍ਰਾਪਤਕਾਰ ਦੇ ਆਪਣੇ ਆਪਣੇ ਸਲਾਹਕਾਰ ਵੀ ਹੋਣਗੇ ਜੋ ਉਹਨਾਂ ਦੀ ਭਲਾਈ ਦੀ ਜ਼ਿੰਮੇਦਾਰੀ ਸੰਭਾਲਣਗੇ। ਸਿਹਤ ਦੀ ਦੇਖਭਾਲ ਕਰਨ ਵਾਲੀ ਟੀਮ ਦੇ ਹੋਰ ਮੈਂਬਰ ਅੰਗਦਾਨੀ ਅਤੇ ਪ੍ਰਾਪਤਕਾਰ ਦੀ ਜਾਂਚ ਪੜਤਾਲ ਕਰਨ ਦੇ ਕੰਮ ਵਿਚ ਸ਼ਾਮਿਲ ਹੋਣਗੇ। ਜਾਂਚ ਪੜਤਾਲ ਦੇ ਸਮੇਂ ਤੋਂ ਲੈ ਕੇ ਆਪ੍ਰੇਸ਼ਨ ਦੇ ਸਮੇਂ ਤਕ, ਅੰਗਦਾਨੀ ਅਤੇ ਪ੍ਰਾਪਤਕਾਰ ਦੋਹਾਂ ਨੂੰ ਕਿਸੇ ਵੇਲੇ ਵੀ ਇਸ ਕੰਮ ਵਿਚੋਂ ਆਪਣਾ ਨਾਂ ਵਾਪਸ ਲੈਣ ਦੀ ਪੂਰੀ ਖੁੱਲ੍ਹ ਹੋਏਗੀ।

**ਸੁਤੰਤਰ ਜਾਂਚ ਪੜਤਾਲ ਕਰਨ ਦਾ ਕੰਮ ਕੀ ਹੈ?**

ਸਭ ਅੰਗਦਾਨੀਆਂ ਅਤੇ ਪ੍ਰਾਪਤਕਾਰਾਂ ਲਈ ਜ਼ਰੂਰੀ ਹੈ ਕਿ ਉਹ ਲੋਕਲ ਇੰਡੀਪੈਂਡੈਂਟ ਅਸੈੱਸਰ (ਆਈ ਏ) ਯਾਨਿ ਸੁਤੰਤਰ ਜਾਂਚ ਪੜਤਾਲ ਕਰਨ ਵਾਲੇ ਨੂੰ ਮਿਲਣ, ਜੋ ਜ਼ਿਆਦਾਤਰ ਹਾਲਤਾਂ ਵਿਚ ਅੰਗਾਂ ਲਾਉਣ ਦਾ ਆਪ੍ਰੇਸ਼ਨ ਕਰਨ ਦੀ ਇਜਾਜ਼ਤ ਦੇ ਸਕਦਾ ਹੈ। ਇਹ ਆਈ ਏ ਸਿਹਤ ਦੀ ਦੇਖਭਾਲ ਕਰਨ ਵਾਲੀਆਂ ਉਹਨਾਂ ਟੀਮਾਂ ਤੋਂ ਸੁਤੰਤਰ ਰਹਿ ਕੇ ਕੰਮ ਕਰਦਾ ਹੈ ਜੋ ਅੰਗਦਾਨੀ ਅਤੇ ਪ੍ਰਾਪਤਕਾਰ ਦੀ ਜ਼ਿੰਮੇਦਾਰੀ ਸੰਭਾਲਦੀਆਂ ਹਨ।

ਆਈ ਏ ਅੰਗਦਾਨੀ ਅਤੇ ਪ੍ਰਾਪਤਕਾਰ ਦੋਹਾਂ ਨਾਲ ਇਕੱਠਿਆਂ ਅਤੇ ਵੱਖ ਵੱਖ ਗੱਲਬਾਤ ਕਰਨ ਮਗਰੋਂ ਰਿਪੋਰਟ ਲਿਖੇਗਾ। ਇਹਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਅੰਗਦਾਨੀ ਅਤੇ ਪ੍ਰਾਪਤਕਰਤਾ ਦੋਹਾਂ ਦੀ ਚੰਗੀ ਜਾਂਚ ਪੜਤਾਲ ਹੋ ਜਾਏ ਅਤੇ ਦੋਹਾਂ ਨੂੰ ਚੰਗੀ ਤਰ੍ਹਾਂ ਪਤਾ ਲਗ ਜਾਏ ਕਿ ਅੰਗ ਦੇਣ ਅਤੇ ਅੰਗ ਲੈਣ ਦੇ ਕੰਮਾਂ ਵਿਚ ਕਿਹੜੀਆਂ ਗੱਲਾਂ ਸ਼ਾਮਿਲ ਹਨ। ਆਈ ਏ ਨੂੰ ਇਹ ਯਕੀਨ ਹੋਣਾ ਲਾਜ਼ਮੀ ਹੈ ਕਿ ਅੰਗ ਦੇਣ ਲਈ ਅੰਗਦਾਨੀ 'ਤੇ ਕੋਈ ਜ਼ੋਰ ਨਹੀਂ ਪਾਇਆ ਜਾ ਰਿਹਾ ਅਤੇ ਉਹ ਪੂਰੀ ਆਜ਼ਾਦੀ ਅਤੇ ਆਪਣੀ ਮਰਜ਼ੀ ਨਾਲ ਅੰਗਦਾਨ ਕਰ ਰਿਹਾ/ਰਹੀ ਹੈ। ਖ਼ਾਸ ਤੌਰ 'ਤੇ, ਆਈ ਏ ਨੂੰ ਅੰਗਦਾਨੀ ਅਤੇ ਪ੍ਰਾਪਤਕਾਰ ਵਿਚਲੇ ਆਪਸੀ ਸੰਬੰਧਾਂ ਬਾਰੇ ਯਕੀਨ ਹੋ ਜਾਣਾ ਚਾਹੀਦਾ ਹੈ, ਕਿ ਕਿਸੇ ਕਿਸਮ ਦਾ ਮਾਲੀ ਜਾਂ ਹੋਰ ਕੋਈ ਲਾਲਚ ਨਹੀਂ ਦਿੱਤਾ ਜਾ ਰਿਹਾ। ਜੇ ਅੰਗ ਕਿਸੇ ਬੱਚੇ ਨੂੰ ਮਿਲਣਾ ਹੋਵੇ, ਤਾਂ ਅੰਗ ਦਾ ਤਬਾਦਲਾ ਕਰਵਾਉਣ ਲਈ ਮੰਨਣ ਵਾਲੇ ਬਾਲਗ਼ ਵਿਅਕਤੀ ਨੂੰ ਬੱਚੇ ਦੇ ਨਾਲ ਇੰਟਰਵਿਊ 'ਤੇ ਆਉਣਾ ਪਏਗਾ।

ਆਈ ਏ ਅੰਗਦਾਨੀ ਅਤੇ ਪ੍ਰਾਪਤਕਾਰ ਦੋਹਾਂ ਨੂੰ ਅਜਿਹੇ ਦਸਤਾਵੇਜ਼ ਪੇਸ਼ ਕਰਨ ਲਈ ਕਹੇਗਾ ਜਿਹਨਾਂ ਤੋਂ ਉਹਨਾਂ ਦੇ ਆਪਸੀ ਸੰਬੰਧਾਂ ਦੀ ਪੁਸ਼ਟੀ ਹੁੰਦੀ ਹੋਵੇ। ਸੰਬੰਧ ਵੱਖ ਵੱਖ ਕਿਸਮ ਦੇ ਹੋਰ ਕਰਾਨ ਲੋੜੀਂਦੇ ਦਸਤਾਵੇਜ਼ ਵੀ ਵੱਖ ਵੱਖ ਕਿਸਮ ਦੇ ਹੋ ਸਕਦੇ ਹਨ। ਟ੍ਰਾਂਸਪਲਾਂਟ ਸੈਂਟਰ ਇਹਦੇ ਬਾਰੇ ਸਲਾਹ ਦੇਵੇਗਾ।

ਜੇ ਅੰਗਦਾਨੀ ਅਤੇ ਪ੍ਰਾਪਤਕਾਰ ਇਕ ਦੂਸਰੇ ਨੂੰ ਜਾਣਦੇ ਹਨ, ਤਾਂ ਆਈ ਏ ਆਪਣੀ ਤਸੱਲੀ ਹੋਣ ਮਗਰੋਂ ਅੰਗ ਦੇਣ ਦੀ ਇਜਾਜ਼ਤ ਦੇ ਦੇਵੇਗਾ। ਬਹੁਤ ਘੱਟ ਹਾਲਤਾਂ ਵਿਚ, ਜੇ ਆਈ ਏ ਅੰਗ ਲਾਉਣ ਦਾ ਕੰਮ ਕਰਨ ਦੀ ਇਜਾਜ਼ਤ ਨਾ ਦੇ ਸਕੇ, ਤਾਂ ਇਹ ਕੇਸ ਵਿਚਾਰ ਕਰਨ ਲਈ ਐਚ ਟੀ ਏ ਕੋਲ ਭੇਜ ਦਿੱਤਾ ਜਾਏਗਾ। ਬਹੁਤ ਹੀ ਘੱਟ ਹਾਲਤਾਂ ਵਿਚ, ਜੇ ਕਿਸੇ ਬੱਚੇ ਨੂੰ ਅੰਗਦਾਨੀ ਬਣਾਇਆ ਜਾ ਰਿਹਾ ਹੋਵੇ, ਤਾਂ ਇਹ ਕੇਸ ਵੀ ਸਾਡੇ ਕੋਲ ਭੇਜਿਆ ਜਾਏਗਾ।

ਜੋੜੇ ਬਣਾ ਕੇ ਜਾਂ ਆਪਸ ਵਿਚ ਮਿਲ ਕੇ ਅੰਗਦਾਨ ਕਰਨ ਅਤੇ ਬਿਨਾਂ ਆਖਿਆਂ ਪਰਉਪਕਾਰੀ ਦਾਨ ਕਰਨ ਦੀਆਂ ਹਾਲਤਾਂ ਵਿਚ, ਆਈ ਏ ਆਪਣੀ ਸਥਾਨਕ ਜਾਂਚ ਪੜਤਾਲ ਪੂਰੀ ਕਰਨ ਮਗਰੋਂ, ਲਾਉਣ ਦਾ ਕੰਮ ਪੂਰਾ ਕਰਨ ਲਈ ਆਖ਼ਰੀ ਇਜਾਜ਼ਤ ਲੈਣ ਲਈ ਐਚ ਟੀ ਏ ਕੋਲ ਅਰਜ਼ੀ ਭੇਜੇਗੀ।

ਜਦ ਕੋਈ ਅੰਗ ਕੱਢਣ ਦਾ ਕੰਮ ਡਾਕਟਰੀ ਇਲਾਜ ਵਜੋਂ ਕੱਢਿਆ ਜਾਏ, ਅਤੇ ਮਰੀਜ਼ ਜੀਉਂਦਾ ਅੰਗਦਾਨੀ ਬਣਨ ਲਈ ਤਿਆਰ ਹੋਵੇ, ਤਾਂ ਸੁਤੰਤਰ ਜਾਂਚ ਪੜਤਾਲ ਦੀ ਲੋੜ ਨਹੀਂ। ਇਹਦੀ ਇਕ ਮਿਸਾਲ ਇਹ ਹੈ ਕਿ ਜਦ ਇਸ ਕਰਕੇ ਦਿਲ ਕੱਢਿਆ ਜਾਏ ਤਾਕਿ ਮਰੀਜ਼ ਦਾ ਦਿਲ ਅਤੇ ਫੇਫੜਾ ਬਦਲਿਆ ਜਾ ਸਕੇ। ਇਸ ਹਾਲਤ ਵਿਚ, ਦਿਲ ਨੂੰ ਕੱਢ ਲੈਣ ਮਗਰੋਂ ਦਾਨ ਕੀਤਾ ਦਿਲ ਲੈਣ ਵਾਲੇ ਮਰੀਜ਼ ਦੀ ਪਛਾਣ ਕੀਤੀ ਜਾਏਗੀ। ਇਸ ਕੰਮ ਨੂੰ 'ਨੌਨ-ਡਾਇਰੈਕਟਰਡ ਡੋਮੀਨੋ ਡੋਨੇਸ਼ਨ' ਜਾਂ ਬਿਨਾਂ ਆਖਿਆ ਅੰਗਦਾਨ ਕਰਨਾ ਆਖਿਆ ਜਾਂਦਾ ਹੈ।

**ਨੋਟ**

ਐਚ ਟੀ ਦੀਆਂ ਸ਼ਰਤਾਂ ਦਾ ਪਾਲਣ ਕੀਤੇ ਬਿਨਾਂ ਦੋ ਜੀਉਂਦੇ ਲੋਕਾਂ ਵਿਚਕਾਰ ਅੰਗਾਂ ਦਾ ਤਬਾਦਲਾ ਕਰਨਾ ਜੁਰਮ ਹੈ। ਇਸ ਵਿਚ ਅੰਗਦਾਨੀ ਅਤੇ ਪ੍ਰਾਪਤਕਾਰ ਦੋਹਾਂ ਨੂੰ ਜਾਇਜ਼ ਇਜਾਜ਼ਤ ਲੈਣਾ ਸ਼ਾਮਿਲ ਹੈ। ਮਨੁੱਖੀ ਅੰਗਾਂ ਨੂੰ ਵੇਚਣ ਅਤੇ ਖ਼ਰੀਦਣ ਦਾ ਕੰਮ ਕਰਨਾ, ਜਾਂ ਅੰਗ ਖ਼ਰੀਦ ਅਤੇ ਵੇਚਣ ਦੇ ਇਸ਼ਤਿਹਾਰ ਦੇਣਾ ਵੀ ਜੁਰਮ ਹੈ। ਇਹਨਾਂ ਜੁਰਮਾਂ ਦੀ ਸਜ਼ਾ ਤਿੰਨ ਸਾਲ ਤਕ ਦੀ ਕੈਦ, ਜੁਰਮਾਨਾ, ਜਾਂ ਦੋਵੇਂ ਹੋ ਸਕਦੇ ਹਨ।

**ਵਧੇਰੇ ਜਾਣਕਾਰੀ**

ਇਸ ਪਰਚੇ ਦਾ ਮੰਤਵ ਸਿਰਫ਼ ਆਮ ਜਾਣਕਾਰੀ ਦੇਣਾ ਹੈ। ਸਾਡੇ ਬਾਰੇ ਜਾਂ ਐਚ ਟੀ ਕਾਨੂੰਨ ਬਾਰੇ ਹੋਰ ਜਾਣਕਾਰੀ ਤੁਸੀਂ ਇਸ ਵੈੱਬਸਾਈਟ ਤੋਂ ਲਓ - **www.hta.gov.uk** ਜਾਂ ਸਾਡੇ ਨਾਲ ਇਸ ਪਤੇ 'ਤੇ ਰਾਬਤਾ ਕਰੋ:


**Human Tissue Authority**
Finlaison House
15–17 Furnival Street
London
EC4A 1AB.

**ਟੈਲੀਫ਼ੋਨ** 020 7211 3400
**ਫ਼ੈਕਸ** 020 7211 3430
**ਈਮੇਲ** enquiries@hta.gov.uk


ਸਾਡੀ ਵੈੱਬਾਸਈਟ 'ਤੇ ਤੁਸੀਂ ਇਹ ਪਰਚਾ ਵੈਲਸ਼, ਉਰਦੂ, ਗੁਜਰਾਤੀ, ਪੰਜਾਬੀ, ਹਿੰਦੀ ਅਤੇ ਬੰਗਾਲੀ ਵਿਚ ਵੀ ਪੜ੍ਹ ਸਕਦੇ ਹੋ।


ਪ੍ਰਕਾਸ਼ਿਤ - ਜੂਨ 2006


ਕਾਪੀਰਾਈਟ: ਹਿਊਮਨ ਟਿਸ਼ੂ ਅਥਾਰਿਟੀ